# ਪੰਜਾਬ ਵਿਧਾਨ ਸਭਾ ਸਕੱਤਰੇਤ
## ਕੁਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ

ਸੂਚਨਾ ਅਧੀਨ ਦੱਸਿਆ ਜਾਂਦਾ ਹੈ ਕਿ ਸਭਾ ਸਕੱਤਰੇਤ ਵਿੱਚ ਲੱਗੇ ਪ੍ਰਿੰਟਰਾਂ ਦੇ ਟੋਨਰ ਰਿਫਿਲ ਦਾ ਕੰਮ (Accessories ਸਮੇਤ) ਕਰਵਾਉਣ ਲਈ ਇਕ ਸਾਲ ਦਾ ਸਾਲਾਨਾ ਠੇਕਾ ਕੀਤਾ ਜਾਣਾ ਹੈ। ਸਭਾ ਸਕੱਤਰੇਤ ਵਿਚ ਵਰਤੇ ਜਾਂਦੇ ਟੋਨਰਾਂ ਦੀ ਲਿਸਟ ਹੇਠ ਦਰਸਾਏ ਅਨੁਸਾਰ ਹੈ।

| S.no. | Tonner Cartridge & Accessories |
|---|---|
| 1. | Canon 303, 313, 328, 92 |
| 2. | HP 36A, 884, 78A, 12A |
| 3. | Brother TN 2250, TN-2365, TN-8021 |

ਉਕਤ ਪ੍ਰਿੰਟਰਾਂ ਦੇ ਟੋਨਰ ਨੂੰ ਸਮੇਤ ਅਸੈਸਰੀਜ਼ ਰਿਫਿਲ ਕਰਨ ਲਈ ਨਿਮਨ ਸ਼ਰਤਾਂ ਤੇ ਉਪਨ ਮਾਰਕੀਟ ਵਿੱਚੋਂ ਰੇਟ ਕੁਟੇਸ਼ਨਾਂ ਮੰਗਵਾਈਆਂ ਜਾਂਦੀਆਂ ਹਨ:-

**1.ਇਹ ਠੇਕਾ, ਠੇਕਾ ਸ਼ੁਰੂ ਹੋਣ ਦੀ ਮਿਤੀ ਤੋਂ ਇਕ ਸਾਲ ਲਈ ਹੋਵੇਗਾ।**
**2.ਵਿਧਾਨ ਸਭਾ ਸੈਸ਼ਨ ਦੌਰਾਨ ਵੈਂਡਰ ਦਾ ਘੱਟੋ-ਘੱਟ ਇਕ ਐਕਸਪਰਟ ਪੰਜਾਬ ਵਿਧਾਨ ਸਭਾ ਵਿਚ ਮੌਜੂਦ ਰਹੇਗਾ।**
**3.ਜਿਸ ਵੈਂਡਰ ਕੋਲ ਇਸ ਸਬੰਧੀ ਕਿਸੇ ਵੀ ਵਿਧਾਨ ਸਭਾ ਜਾਂ ਕਿਸੇ ਸਰਕਰੀ ਅਦਾਰੇ ਵਿਚ ਟੋਨਰ ਰਿਫਿਲ ਦੇ ਕੰਮ ਦਾ ਤਜਰਬਾ ਹੋਵੇਗਾ ਅਤੇ ਜਿਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।**
**4.ਵੈਂਡਰ ਚੰਡੀਗੜ੍ਹ, ਮੋਹਾਲੀ ਜਾਂ ਪੰਚਕੂਲਾ (ਟ੍ਰਾਈਸਿਟੀ) ਵਿਚੋਂ ਹੀ ਹੋਣਾ ਚਾਹੀਦਾ ਹੈ।**
**5.ਸਰਕਾਰੀ ਹਦਾਇਤਾਂ ਮੁਤਾਬਿਕ ਵੈਂਡਰ ਦਾ ਜੀ.ਐਸ.ਟੀ. ਪੰਜਾਬ ਵਿਚ ਪੇਅਏਬਲ ਹੋਣਾ ਚਾਹੀਦਾ ਹੈ।**

ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਵੱਲੋਂ ਆਪਣੀਆਂ ਰੇਟ ਕੁਟੈਸ਼ਨਾਂ ਮਿਤੀ 1 ਸਤੰਬਰ, 2025, ਸ਼ਾਮ 04.00 ਵਜੇ ਤੱਕ ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ, ਚੰਡੀਗੜ੍ਹ ਨੂੰ ਰਜਿਸਟਰਡ ਡਾਕ ਰਾਹੀਂ ਬੰਦ ਲਿਫ਼ਾਫ਼ੇ ਵਿਚ ਭੇਜ ਦਿੱਤੀਆਂ ਜਾਣ। ਨਿਰਧਾਰਿਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਕੁਟੇਸ਼ਨਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਇਹ ਕੁਟੇਸ਼ਨਾਂ ਮਿਤੀ 2 ਸਤੰਬਰ, 2025 ਨੂੰ ਸਕੱਤਰ, ਪੰਜਾਬ ਵਿਧਾਨ ਸਭਾ ਦੇ ਕਮਰੇ ਵਿਚ ਖੋਲੀਆਂ ਜਾਣਗੀਆਂ। ਕੁਟੇਸ਼ਨਾਂ ਸਬੱਧੀ ਕੋਈ ਵੀ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਕੋਲ ਹੋਵੇਗਾ।

ਮਿਤੀ:- 26/08/2025

ਸਕੱਤਰ,
ਪੰਜਾਬ ਵਿਧਾਨ ਸਭਾ
ਚੰਡੀਗੜ੍ਹ ।